# ਸੁਪ੍ਰੀਮ ਕੋਰਟ ਦਾ ਅਹਿਮ ਫੈਸਲਾ: ਸਲਵਾ-ਜੁਡਮ ਗੈਰ ਕਾਨੂੰਨੀ

ਪੰਜ ਜੁਲਾਈ 2011 ਨੂੰ ਹਿੰਦੁਸਤਾਨ ਦੀ ਸੁਪ੍ਰੀਮ ਕੋਰਟ ਨੇ ਹਿੰਦੁਸਤਾਨ ਦੀ ਰਿਆਸਤ ਅਤੇ ਛੱਤੀਸਗੜ੍ਹ ਸੂਬੇ ਦੀ ਸਰਕਾਰ ਖ਼ਿਲਾਫ਼ ਇਕ ਬਹੁਤ ਹੀ ਅਹਿਮ ਫੈਸਲਾ ਸੁਣਾਇਆ ਹੈ। ਜਸਟਿਸ ਨਿਝਰ ਅਤੇ ਜਸਟਿਸ ਰੈਡੀ ਨੇ ਇਹ ਫੈਸਲਾ, ਪ੍ਰੋਫੈਸਰ ਨੰਦਨੀ ਸੁੰਦਰ, ਰਾਮਚੰਦਰ ਗੁਹਾ ਅਤੇ ਹੋਰਨਾਂ ਦੀ ਇਕ ਅਪੀਲ ਤੇ ਸੁਣਵਾਈ ਕਰਦੇ ਹੋਏ ਦਿੱਤਾ ਹੈ।

ਪਿਛਲੇ ਕੁਝ ਸਾਲਾਂ ਤੋਂ ਛੱਤੀਸਗੜ੍ਹ ਵਿਚ ਕਬਾਇਲੀ ਲੋਕਾਂ ਦਾ ਆਪਣੇ ਹੱਕਾਂ ਦੀ ਰਾਖੀ ਲਈ ਘੋਲ ਇਕ ਹਥਿਆਰਬੰਦ ਘੋਲ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ। ਆਦੀਵਾਸੀ ਕਬੀਲੇ ਅਤੇ ਹੋਰ ਲੋਕ ਇਸ ਇਲਾਕੇ ਵਿਚ ਆਪਣੇ ਹੱਕਾਂ ਅਤੇ ਕੁਦਰਤੀ ਵਸੀਲਿਆਂ ਦੀ ਰਾਖੀ ਲਈ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਕਈ ਥਾਂਵਾਂ ਤੇ ਇਸ ਘੋਲ ਦੀ ਅਗਵਾਈ ਮਾਓਵਾਦੀ ਜਥੇਬੰਦੀਆਂ ਕਰ ਰਹੀਆਂ ਹਨ। ਹਿੰਦੁਸਤਾਨੀ ਰਿਆਸਤ ਅਤੇ ਛੱਤੀਸਗੜ੍ਹ ਦੀ ਸੂਬਾਈ ਸਰਕਾਰ ਨੇ ਇਸ ਘੋਲ ਨੂੰ ਤਾਕਤ ਨਾਲ ਕੁਚਲਣ ਲਈ ਪੁਲੀਸ, ਨੀਮ ਫੌਜ ਅਤੇ ਫੌਜ ਉਥੇ ਭੇਜੀ ਹੋਈ ਹੈ ਪਰ ਲੋਕਾਂ ਨੂੰ ਕੁਚਲਣ ਵਿਚ ਨਾਕਾਮ ਰਹੇ ਹਨ।

ਸਰਕਾਰੀ ਫੋਰਸ ਦੇ ਨਾਲ ਨਾਲ ਛੱਤੀਸਗੜ੍ਹ ਸਰਕਾਰ ਅਤੇ ਕੇਂਦਰੀ ਸਰਕਾਰ ਨੇ ਕੁਝ ਸਾਲਾਂ ਤੋਂ ਮੁਕਾਮੀ ਗੁੰਡਿਆਂ ਦੀ ਭਰਤੀ ਕਰਕੇ `ਸਲਵਾ ਜੁਡਮ` ਨਾਮ ਦੀ ਇਕ ਫ਼ੌਜ ਵੀ ਖੜੀ ਕੀਤੀ ਹੋਈ ਹੈ ਜਿਸ ਦਾ ਕੰਮ ਲੋਕਾਂ ਤੇ ਜ਼ੁਲਮ ਕਰਨਾ ਤੇ ਉਨ੍ਹਾਂ ਨੂੰ ਡਰਾਉਣਾ ਧਮਕਾਉਣਾ ਹੈ। ਗੁੰਡਿਆਂ ਦੇ ਇਸ ਟੋਲੇ ਸਲਵਾ ਜੁਡਮ ਨੂੰ ਸਰਕਾਰ ਹਥਿਆਰ ਅਤੇ ਹੋਰ ਸਹੂਲਤਾਂ ਦੇ ਰਹੀ ਹੈ। ਕੇਂਦਰ ਅਤੇ ਛੱਤੀਸਗੜ੍ਹ ਸਰਕਾਰ ਦਾ ਦਾਅਵਾ ਹੈ ਕਿ ਗੁੰਡਿਆਂ ਦੀ ਇਹ ਫੌਜ ਅਮਨ ਕਾਨੂੰਨ ਕਾਇਮ ਰਖਣ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਵਿਚ ਮੁਕਾਮੀ ਲੋਕਾਂ ਦੀ ਭਰਤੀ ਕੀਤੀ ਗਈ ਹੈ ਜੋ ਮਾਓਵਾਦੀਆਂ ਅਤੇ ਹੋਰਨਾਂ ਦੀ ਸੂਹ ਰਖਣ ਵਿਚ ਮਾਹਰ ਹਨ। । ਇਸ ਟੋਲੇ ਨੇ ਸੈਂਕੜੇ ਹੀ ਕਬਾਇਲੀ ਲੋਕਾਂ ਦੇ ਕਤਲ ਤੇ ਔਰਤਾਂ ਦੇ ਬਲਾਤਕਾਰ ਕੀਤੇ ਹਨ। 2007 ਵਿਚ ਵੀ ਸੁਪ੍ਰੀਮ ਕੋਰਟ ਦੇ ਕਈ ਜੱਜਾਂ, ਜਿਵੇਂ ਕਿ ਜਸਟਿਸ ਬਾਲਾਕਰਿਸ਼ਨਨ ਜਸਟਿਸ ਕਪਾਡੀਆ ਤੇ ਜਸਟਿਸ ਆਫ਼ਤਾਬ ਆਲਮ, ਨੇ ਵੀ ਇਸ ਕੇਸ ਦੀ ਸੁਣਵਾਈ ਦੇ ਦੌਰਾਨ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਸਿਵਲੀਅਨ ਟੋਲਿਆਂ ਨੂੰ ਸਰਕਾਰ ਵਲੋਂ ਇਸ ਤਰ੍ਹਾਂ ਹਥਿਆਰਬੰਦ ਕਰਨਾ ਗੈਰ-ਕਾਨੂੰਨੀ ਹੈ ਤੇ ਸਰਕਾਰ ਇਸ ਕੰਮ ਤੋਂ ਬਾਜ਼ ਆਏ ਤੇ ਸਲਵਾ-ਜੁਡਮ ਨੂੰ ਹਥਿਆਰ ਨਾ ਦੇਵੇ। ਪਰ ਸਰਕਾਰ ਨੇ ਕੰਨੀ ਘੇਸਲ ਮਾਰ ਕੇ ਨਾ ਸਿਰਫ਼ ਇਹ ਕੰਮ ਜਾਰੀ ਰੱਖਿਆ ਸਗੋਂ "ਸਪੈਸ਼ਲ ਪੁਲੀਸ ਅਫ਼ਸਰ"(ਐਸ.ਪੀ.ਓਜ਼) ਜਾਂ "ਕੋਇਆ ਕਮਾਂਡੋਜ਼" ਵਰਗੇ ਹੋਰ ਹਥਿਆਰਬੰਦ ਟੋਲੇ ਖੜ੍ਹੇ ਕੀਤੇ ਅਤੇ ਪੰਜਵੀਂ ਪਾਸ ਮੁਕਾਮੀ ਮੁੰਡਿਆਂ ਨੂੰ ਮਾਮੂਲੀ ਤਨਖ਼ਾਹਾਂ ਦੇ ਕੇ ਇਸ ਵਿਚ ਭਰਤੀ ਕਰਕੇ ਗੈਰ-ਕਾਨੂੰਨੀ ਤੌਰ ਤੇ ਹਥਿਆਰਬੰਦ ਕੀਤਾ ਤੇ ਸੰਘਰਸ਼ ਕਰ ਰਹੇ ਲੋਕਾਂ ਨਾਲ ਲੜਨ ਲਈ ਭੇਜਿਆ। ਕੇਂਦਰ ਅਤੇ ਛੱਤੀਸਗੜ੍ਹ ਸਰਕਾਰ ਕਹਿੰਦੇ ਰਹੇ ਕਿ ਸਲਵਾ ਜੁਡਮ ਨੂੰ ਜਥੇਬੰਦ ਕਰਨ ਵਿਚ ਉਨ੍ਹਾਂ ਦਾ ਕੋਈ ਹੱਥ ਨਹੀਂ ਹੈ, ਇਹ ਤਾਂ ਮਾਓਵਾਦੀ ਅਤੇ ਉਨ੍ਹਾਂ ਦੇ ਹਮਦਰਦ ਐਵੇਂ ਹੀ ਰੌਲਾ ਪਾ ਰਹੇ ਹਨ। ਇਸ ਸਰਕਾਰ ਨੇ ਨੰਦਨੀ ਸੁੰਦਰ, ਜੋ ਜਾਣੀ ਪਹਿਚਾਣੀ ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਹੈ, ਦੇ ਖ਼ਿਲਾਫ਼ ਵੀ ਕੇਸ ਦਾਇਰ ਕਰਨ ਦੀ ਧਮਕੀ ਦਿੱਤੀ ਸੀ ਕਿਉਂਕਿ ਉਸਨੇ ਛੱਤੀਸਗੜ੍ਹ ਵਿਚ ਕਬਾਇਲੀ ਲੋਕਾਂ ਤੇ ਹੋ ਰਹੇ ਜ਼ੁਲਮ ਅਤੇ ਤਸ਼ੱਦਦ ਬਾਰੇ ਇਕ ਰਿਪੋਰਟ ਲਿਖੀ ਸੀ। ਪ੍ਰੋਫੈਸਰ ਨੰਦਨੀ ਸੁੰਦਰ, ਰਾਮਚੰਦਰ ਗੁਹਾ ਅਤੇ ਹੋਰਨਾਂ ਨੇ ਸੁਪ੍ਰੀਮ ਕੋਰਟ ਵਿਚ ਸਲਵਾ ਜੁਡਮ ਤੇ ਹੋਰ ਹਥਿਆਰਬੰਦ ਟੋਲਿਆਂ ਨੂੰ ਜਥੇਬੰਦ ਕਰਨ ਲਈ ਸਰਕਾਰ ਦੇ ਖ਼ਿਲਾਫ਼ ਪਟੀਸ਼ਨ ਕੀਤੀ ਹੋਈ ਸੀ। ਉਨ੍ਹਾਂ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਸਰਕਾਰ ਵਲੋਂ ਐਸਾ ਕਰਨਾ ਸੰਵਿਧਾਨ ਅਤੇ ਆਈਨ ਦੇ ਖ਼ਿਲਾਫ਼ ਹੈ। ਜਿਹੜਾ ਵੀ ਕੋਈ ਜ਼ੁਲਮ ਅਤੇ ਤਸ਼ੱਦਦ ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਹੈ ਛੱਤੀਸਗੜ੍ਹ ਦੀ ਸਰਕਾਰ ਉਸਨੂੰ ਮਾਓਵਾਦੀ ਕਹਿ ਕੇ ਦੁਰਕਾਰਦੀ ਹੈ।

ਜਸਟਿਸ ਨਿਝਰ ਅਤੇ ਜਸਟਿਸ ਰੈਡੀ ਨੇ ਆਪਣੇ ਫੈਸਲੇ ਵਿਚ ਵਿਸਤਾਰ ਨਾਲ ਹਿੰਦੁਸਤਾਨ ਵਿਚ ਨਿਊ ਲਿਬਰਲ ਡਿਵੈਲਪਮੈਂਟ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪਿਛਲੇ ਕੁਝ ਸਾਲਾਂ ਵਿਚ ਸਰਕਾਰ ਅਤੇ ਰਿਆਸਤ ਵਲੋਂ ਠੋਸੀਆਂ ਗਈਆਂ ਨੀਤੀਆਂ ਅਤੇ ਆਰਥਕ ਅਜੰਡੇ ਨੇ ਗਰੀਬ ਲੋਕਾਂ ਦਾ ਘਾਣ ਕੀਤਾ ਹੈ। ਇਸ ਕਰਕੇ ਲੋਕਾਂ ਵਿਚ ਗੁੱਸਾ ਅਤੇ ਰੋਹ ਹੈ। ਲੋਕ ਐਵੇਂ ਹੀ ਸਰਕਾਰ ਦੇ ਖ਼ਿਲਾਫ਼ ਹਥਿਆਰ ਨਹੀਂ ਚੁਕਦੇ। ਹਿੰਦੁਸਤਾਨੀ ਰਿਆਸਤ ਇਨ੍ਹਾਂ ਸਿਆਸੀ ਅਤੇ ਸਮਾਜੀ ਮਸਲਿਆਂ ਨੂੰ ਹੱਲ ਕਰਨ ਦੇ ਬਜਾਏ ਉਨ੍ਹਾਂ ਨੂੰ ਸਿਰਫ਼ ਇਕ ਅਮਨ ਅਤੇ ਕਾਨੂੰਨ ਦਾ ਮਸਲਾ ਬਣਾ ਕੇ ਹੱਕ ਮੰਗਦੇ ਲੋਕਾਂ ਤੇ ਤਸ਼ੱਦਦ ਕਰਨ ਦਾ ਰਾਹ ਅਖਤਿਆਰ ਰਹੀ ਹੈ। ਸਰਕਾਰੀ ਵਕੀਲਾਂ ਦੀ ਦਲੀਲ ਸੀ ਕਿ ਐਸ.ਪੀ.ਓਜ਼. (ਸਲਵਾ ਜੁਡਮ ਦਾ ਨਵਾਂ ਅਵਤਾਰ) ਅਮਨ ਅਤੇ ਕਾਨੂੰਨ ਲਈ ਬਹੁਤ ਹੀ ਜ਼ਰੂਰੀ ਹੈ। ਅਦਾਲਤ ਨੇ ਇਸ ਦਲੀਲ ਨੂੰ ਠੁਕਰਾ ਦਿੱਤਾ ਅਤੇ ਆਪਣੇ ਫੈਸਲੇ ਵਿਚ ਕਿਹਾ ਕਿ ਇਹ ਦਲੀਲ ਸੰਵਿਧਾਨ ਦੇ ਖ਼ਿਲਾਫ਼ ਹੈ ਤੇ ਸਿਵਲੀਅਨਾਂ ਨੂੰ ਹਥਿਆਰਬੰਦ ਕਰਕੇ ਲੜਾਈ ਵਿਚ ਝੋਕਣਾ ਗੈਰ-ਸੰਵਿਧਾਨਕ ਹੈ।

ਸਾਰੇ ਇਹ ਗੱਲ ਜਾਣਦੇ ਹਨ ਕਿ ਸਲਵਾ ਜੁਡਮ ਤੇ ਐਸ.ਪੀ.ਓਜ਼. ਨੇ ਲੋਕਾਂ ਦੇ ਖ਼ਿਲਾਫ਼ ਬੜੇ ਘਿਣਾਉਣੇ ਜੁਰਮ ਕੀਤੇ ਹਨ। ਆਪਣੇ ਫੈਸਲੇ ਵਿਚ ਅਦਾਲਤ ਨੇ ਛੱਤੀਸਗੜ੍ਹ ਦੀ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਸਲਵਾ ਜੁਡਮ, ਕੋਇਆ ਕਮਾਂਡੋ ਅਤੇ ਸਪੈਸ਼ਲ ਪੁਲਿਸ ਅਫ਼ਸਰਾਂ ਦੇ ਹਥਿਆਰਬੰਦ ਟੋਲਿਆਂ ਨੂੰ ਇਕ ਦਮ ਭੰਗ ਕਰਕੇ ਉਨ੍ਹਾਂ ਦੇ ਹਥਿਆਰ ਫੌਰਨ ਵਾਪਿਸ ਲਏ ਜਾਣ ਅਤੇ ਸਲਵਾ ਜੁਡਮ ਜਾਂ ਕੋਇਆ ਕਮਾਂਡੋਜ਼ ਦੇ ਜਿਨ੍ਹਾਂ ਬੰਦਿਆਂ ਨੇ ਕੋਈ ਜੁਰਮ ਕੀਤੇ ਹਨ ਉਨ੍ਹਾਂ ਖ਼ਿਲਾਫ਼

ਐਫ.ਆਈ.ਆਰ. ਦਰਜ ਕਰਕੇ ਅਤੇ ਗਹੁ ਨਾਲ ਤਫ਼ਤੀਸ਼ ਕਰਕੇ ਮੁਕੱਦਮੇ ਚਲਾਏ ਜਾਣ। ਅਦਾਲਤ ਨੇ ਸੀ.ਬੀ.ਆਈ. ਨੂੰ ਵੀ ਹੁਕਮ ਦਿੱਤਾ ਹੈ ਕਿ ਇਸ ਬਾਰੇ ਛੇ ਹਫਤਿਆਂ ਵਿਚ ਰਿਪੋਰਟ ਅਦਾਲਤ ਨੂੰ ਦਿੱਤੀ ਜਾਵੇ ਕਿ ਕੀ ਕੀਤਾ ਹੈ। ਜਸਟਿਸ ਨਿਝਰ ਅਤੇ ਜਸਟਿਸ ਰੈਡੀ ਨੇ ਆਪਣੇ ਇਸ ਫੈਸਲੇ ਰਾਹੀਂ ਹੱਕ ਅਤੇ ਸੱਚ ਤੇ ਪਹਿਰਾ ਦੇ ਕੇ ਆਪਣਾ ਫਰਜ਼ ਸਹੀ ਨਿਭਾਇਆ ਹੈ।

ਅਦਾਲਤ ਨੇ ੫੮ ਸਫ਼ਿਆਂ ਦੇ ਇਸ ਫੈਸਲੇ ਵਿਚ ਮਨਮੋਹਨ ਸਿੰਘ ਅਤੇ ਹੋਰਨਾਂ ਵਲੋਂ ਚਲਾਏ ਹੋਏ ਗ਼ਰੀਬਮਾਰ ਮੁਆਸ਼ੀ ਅਤੇ ਸਮਾਜੀ ਅਜੰਡੇ ਨੂੰ ਪੁਰਜ਼ੋਰ ਭੰਡਿਆ ਹੈ। ਮਨਮੋਹਨ ਸਿੰਘ ਅਤੇ ਉਸਦੀ ਸਰਕਾਰ ਨੂੰ ਜੇ ਮਾੜੀ ਜਿਹੀ ਵੀ ਸੰਗ ਹੋਵੇ ਤਾਂ ਉਨ੍ਹਾਂ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਪਰ ਮਨਮੋਹਨ ਸਿੰਘ ਤੇ ਉਹਦੀ ਸਰਕਾਰ ਨੂੰ ਸ਼ਰਮ ਕਿੱਥੇ ਹੈ ਉਹ ਤਾਂ ਸਗੋਂ ਸੁਪ੍ਰੀਮ ਕੋਰਟ ਦੇ ਇਸ ਫੈਸਲੇ ਦੇ ਖ਼ਿਲਾਫ਼ ਰੀਵੀਊ ਪਟੀਸ਼ਨ ਦਾਇਰ ਕਰਨ ਦੀਆਂ ਗੱਲਾਂ ਕਰ ਰਹੇ ਹਨ।